# ਅਲਬਰਟਾ ਦੀ ਵਿਰਾਸਤ ਦਾ ਜਸ਼ਨ ਮਨਾਉਣਾ

ਜੁਲਾਈ 11, 2022 Media inquiries

## ਅਲਬਰਟਾ ਸਰਕਾਰ ਅਲਬਰਟਾ ਦੀ ਅਮੀਰ ਸੱਭਿਆਚਾਰਕ ਵਿਰਾਸਤ ਨੂੰ ਮਨਾਉਣ ਅਤੇ ਕਨਫੈਡਰੇਸ਼ਨ ਵਿੱਚ ਇਸ ਦੇ ਵਿਲੱਖਣ ਸਥਾਨ ਨੂੰ ਮਾਨਤਾ ਦੇਣ ਲਈ 1 ਸਤੰਬਰ ਨੂੰ ਅਧਿਕਾਰਤ ਤੌਰ ਤੇ ਅਲਬਰਟਾ ਦਿਵਸ ਵਜੋਂ ਮਾਨਤਾ ਦੇ ਰਹੀ ਹੈ।

ਅਲਬਰਟਾ ਦਾ ਜਸ਼ਨ ਮਨਾਉਣ ਲਈ ਹਰ ਸਾਲ ਇੱਕ ਦਿਨ "ਅਲਬਰਟਾ ਦੀ ਸੱਭਿਆਚਾਰਕ, ਆਰਥਿਕ ਅਤੇ ਰਾਜਨੀਤਿਕ ਵਿਲੱਖਣਤਾ ਦੀ ਪੁਸ਼ਟੀ ਕਰਨ ਦੇ ਤਰੀਕਿਆਂ ਅਤੇ ਸਾਧਨਾਂ ਬਾਰੇ ਜਾਨਣ ਲਈ" ਲਈ ਫੇਅਰ ਡੀਲ ਪੈਨਲ ਦੀ ਸਿਫ਼ਾਰਸ਼ ਨੂੰ ਧਿਆਨ ਵਿੱਚ ਰੱਖਦੇ ਹੋਏ ਹੈ।

1 ਸਤੰਬਰ, 1905 ਨੂੰ *ਅਲਬਰਟਾ ਐਕਟ* ਲਾਗੂ ਹੋਇਆ ਅਤੇ ਰਸਮੀ ਤੌਰ 'ਤੇ ਅਲਬਰਟਾ ਸੂਬੇ ਦੀ ਸਥਾਪਨਾ ਕੀਤੀ ਗਈ। ਇਸ ਦਿਨ ਨੂੰ ਅਲਬਰਟਾ ਦਿਵਸ ਵਜੋਂ ਮਾਨਤਾ ਦੇਣ ਨਾਲ ਅਲਬਰਟਾ ਵਾਸੀਆਂ ਨੂੰ ਹਰ ਸਾਲ ਜਸ਼ਨ ਦੀ ਭਾਵਨਾ ਨਾਲ ਇਕੱਠੇ ਹੋਣ ਦਾ ਮੌਕਾ ਮਿਲਦਾ ਹੈ।

"ਅਲਬਰਟਾ ਹਰ ਪੱਖੋਂ ਬੇਮਿਸਾਲ ਹੈ। ਅਸੀਂ ਦੁਨੀਆ ਦੇ ਸਭ ਤੋਂ ਖੂਬਸੂਰਤ ਅਤੇ ਵਿਭਿੰਨ ਕੁਦਰਤੀ ਵਾਤਾਵਰਣਾਂ ਦੇ ਰਖਵਾਲੇ ਹਾਂ। ਇਸ ਸਥਾਨ ਦੇ ਮੂਲ ਨਿਵਾਸੀਆਂ ਨੇ ਆਪਣੇ ਪ੍ਰਾਚੀਨ ਸੱਭਿਆਚਾਰਾਂ ਅਤੇ ਰੀਤੀ-ਰਿਵਾਜਾਂ ਨਾਲ ਹਮੇਸ਼ਾ ਉੱਜਵਲ ਭਵਿੱਖ ਬਣਾਉਣ ਲਈ ਬਹੁਤ ਮੁਸ਼ਕਿਲਾਂ ਨੂੰ ਪਾਰ ਕੀਤਾ ਹੈ।

"ਅਲਬਰਟਾ ਦੀ ਅਗਾਂਹ ਵਧੂ ਭਾਵਨਾ ਅਤੇ ਉੱਦਮੀ ਸੱਭਿਆਚਾਰ ਨੇ ਸਾਡੇ ਸੂਬੇ ਨੂੰ ਧਰਤੀ ਉੱਤੇ ਸਭ ਤੋਂ ਖੁਸ਼ਹਾਲ ਅਤੇ ਉਦਾਰ ਸਥਾਨਾਂ ਵਿੱਚੋਂ ਇੱਕ ਬਣਨ ਲਈ ਪ੍ਰੇਰਿਤ ਕੀਤਾ ਹੈ। ਸਾਨੂੰ ਆਪਣੇ ਬਹਾਦੁਰਾਂ ਅਤੇ ਪ੍ਰਾਪਤੀਆਂ ਦਾ ਮਾਣ ਨਾਲ ਜਸ਼ਨ ਮਨਾਉਂਦੇ ਹੋਏ ਆਪਣੇ ਇਤਿਹਾਸ ਨੂੰ ਯਾਦ ਕਰਨਾ ਅਤੇ ਸਿੱਖਣਾ ਚਾਹੀਦਾ ਹੈ ਅਤੇ ਆਪਣੀਆਂ ਕਮੀਆਂ ਨੂੰ ਸਵੀਕਾਰ ਕਰਨਾ ਚਾਹੀਦਾ ਹੈ।

"ਅਲਬਰਟਾ ਦਿਵਸ ਨੂੰ ਇੱਕ ਨਵੀਂ ਸਲਾਨਾ ਪਰੰਪਰਾ ਬਣਾਉਣਾ - ਜਿਸ ਦਿਨ ਅਸੀਂ ਕਨਫੈਡਰੇਸ਼ਨ ਵਿੱਚ ਦਾਖਲ ਹੋਏ - ਇਸ ਸ਼ਾਨਦਾਰ ਸੂਬੇ ਉੱਤੇ ਮਾਣ ਕਰਨ ਦਾ ਇੱਕ ਤਰੀਕਾ ਹੋਵੇਗਾ।"

ਜੇਸਨ ਕੇਨੀ, ਪ੍ਰੀਮੀਅਰ

"ਸਾਡੇ 116 ਸਾਲਾਂ ਦੇ ਇਤਿਹਾਸ ਦੌਰਾਨ ਅਲਬਰਟਾਵਾਸੀ ਉਦਾਰ, ਅਨੁਸ਼ਾਸਿਤ ਅਤੇ ਰਚਨਾਤਮਕ ਰਹੇ ਹਨ। ਸਾਨੂੰ ਆਪਣੇ ਦੁਆਰਾ ਨਿਰਮਾਣ ਕੀਤੇ ਸੂਬੇ ਤੇ ਮਾਣ ਹੋਣਾ ਚਾਹੀਦਾ ਹੈ ।ਸਤੰਬਰ ਨੂੰ ਅਲਬਰਟਾ ਦਿਵਸ ਵਜੋਂ ਸਥਾਪਿਤ ਕਰਨਾ ਅਲਬਰਟਾ ਦੀ ਵਿਲੱਖਣ ਭਾਵਨਾ, ਸਾਡੇ ਯੋਗਦਾਨ, ਚੁਣੌਤੀਆਂ ਅਤੇ ਅਲਬਰਟਨ ਹੋਣ ਦੀ ਪੁਸ਼ਟੀ ਕਰਨ ਲਈ ਇੱਕ ਮਹੱਤਵਪੂਰਨ ਕਦਮ ਹੈ।"

ਰੌਨ ਓਰ, ਸੱਭਿਆਚਾਰਕ ਮੰਤਰੀ

Classification: Public

ਅਲਬਰਟਾ ਸਰਕਾਰ ਐਡਮਿੰਟਨ ਅਤੇ ਕੈਲਗਰੀ ਵਿੱਚ ਅਲਬਰਟਾ ਦਿਵਸ ਦੇ ਜਸ਼ਨਾਂ ਦੀ ਮੇਜ਼ਬਾਨੀ ਕਰੇਗੀ ਅਤੇ ਮਹਾਰਾਣੀ ਦੇ ਪਲੈਟੀਨਮ ਜੁਬਲੀ ਜਸ਼ਨਾਂ ਦੇ ਨਾਲ ਸੰਭਾਵਤ ਤੌਰ 'ਤੇ ਆਪਣੇ ਖੁਦ ਦੇ ਸਮਾਗਮਾਂ ਦੀ ਯੋਜਨਾ ਬਣਾਉਣ ਅਤੇ ਮੇਜ਼ਬਾਨੀ ਕਰਨ ਵਿੱਚ ਹੋਰ ਨਗਰਪਾਲਿਕਾਵਾਂ ਦਾ ਸਮਰਥਨ ਕਰੇਗੀ। ਆਉਣ ਵਾਲੇ ਮਹੀਨਿਆਂ ਵਿੱਚ ਹੋਰ ਵੇਰਵੇ ਸਾਂਝੇ ਕੀਤੇ ਜਾਣਗੇ।

ਇਸ ਸਤੰਬਰ ਦੇ ਪਹਿਲੇ ਅਲਬਰਟਾ ਦਿਵਸ ਦੀ ਅਗਵਾਈ ਵਿੱਚ, ਅਲਬਰਟਾ ਸਰਕਾਰ ਅਲਬਰਟਾ ਦੇ ਇਤਿਹਾਸ, ਇਸਦੇ ਲੋਕਾਂ ਅਤੇ ਕਨਫੈਡਰੇਸ਼ਨ ਵਿੱਚ ਇਸਦੇ ਯੋਗਦਾਨ ਦਾ ਜਸ਼ਨ ਮਨਾਉਣ ਲਈ ਇੱਕ ਸੰਚਾਰ ਅਤੇ ਸ਼ਮੂਲੀਅਤ ਮੁਹਿੰਮ ਸ਼ੁਰੂ ਕਰੇਗੀ।

# ਸਬੰਧਿਤ ਜਾਣਕਾਰੀ

- ਅਲਬਰਟਾ ਦਿਵਸ

# ਮਲਟੀਮੀਡੀਆ

- ਖਬਰਾਂ ਵੇਖੋ

# ਮੀਡੀਆ ਪੁੱਛਗਿੱਛ


## ਸਵਾਨਾ ਜੋਹੈਨਸਨ

780-686-3521
ਪ੍ਰੈਸ ਸੈਕਟਰੀ, ਕਲਚਰ ਅਤੇ ਸਟੇਟੱਸ ਆਫ ਵਿਮੈਨ


---


View this announcement online
Government of Alberta newsroom
Contact government
Unsubscribe



Classification: Public